

ੴ ਸਤਿਗੁਰ ਪ੍ਰਸਾਦਿ ॥

## ਸ੍ਰੀ ਗੁਰੂ ਨਾਨਕ ਦੇਵ ਜੀ ਵਾਲੀ

## ਵੱਡੀ ਕਥਾ

# ਪੂਰਨਮਾਸ਼ੀ

ਪ੍ਰਕਾਸ਼ਕ

**ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ**

ਐਂਡ ਕੋ:, ਪੁਸਤਕਾਂ ਛਾਪਣ ਤੇ ਵੇਚਣ ਵਾਲੇ,

ਬਾਜਾਰ ਮਾਈ ਸੇਵਾਂ, ਅੰਮ੍ਰਿਤਸਰ

੧ ਓ ਸਤਿਗੁਰ ਪ੍ਰਸਾਦਿ ॥

# ਅਥ ਕਥਾ ਪੂਰਨਮਾਸ਼ੀ

ਦੋਹਰਾ—ਸ੍ਰੀ ਗੁਰੂ ਕੋ ਨਮੋ ਕਰੋਂ ਸੋ ਹਿਤ ਚਿਤ ਲਾਇ ॥
ਪੂਰਨ ਕਰੋ ਗਰੰਥ ਇਹ, ਤੁਮ ਮਮ ਹੋਇ ਸਹਾਇ ॥
ਦੋਹਰਾ—ਸੰਮਤ ਸਤ੍ਰਹ ਕੇ ਵਿਖੇ, ਪੰਚਾਵਨ ਅਧਕਾਇ ॥
ਪੁਰ ਅਨੰਦ ਕੇ ਬੀਚ, ਮੇਂ ਸੰਗਤ ਜੁੜੀ ਸੁਹਾਇ ॥
ਦੋਹਰਾ—ਏਕ ਦਿਵਸ ਸ੍ਰੀ ਸਤਿਗੁਰੂ ਲਾਯੋ ਅਧਿਕ ਦੀਵਾਨ ॥
ਸਿਖਨ ਕੋ ਉਪਦੇਸ਼ ਹੈਂ, ਦੇਤ ਗਿਆਨ ਬਗਿਆਨ ॥
ਦੋਹਰਾ—ਦਯਾਸਿੰਘ ਅਤਿ ਭਗਤ ਗੁਰ ਬਿਨਤੀਅਧਿਕ ਸੁ ਕੀਨ ॥
ਅੰਤਰਜਾਮੀ ਸਤਿਗੁਰੂ ਰਿਦਾ ਸਿਖ ਲਖ ਲੀਨ ॥

ਸ੍ਰੀ ਗੁਰਉਵਾਚ ॥ ਚੌਪਈ ॥

**ਮਾਂਗੋ ਵਰ ਜੋ ਤੁਮ ਮਨ ਆਈ ॥ ਦੇਵੋਂ ਸਕਲ ਤੁਮਾਰੇ ਤਾਈਂ ॥**
**ਰਾਜ ਭੋਗ ਕੀ ਚਾਹ ਤੁਮਾਰੇ ॥ ਦੇਤ ਨਹੀਂ ਤੁਮੇ ਜਤਨ ਹਮਾਰੇ ॥**

ਇੰਦ੍ਰ ਲੋਕ ਕੀ ਇਛਾ ਧਰੇ ॥ ਦੇਵੌਂ ਮਨ ਨਹੀਂ ਸੈਸਾ ਕਰੈ ॥
ਐਸੀ ਵਸਤ ਜਗਤ ਮੈਂ ਨਾਹੀਂ ॥ ਸਿੱਖਨ ਕੋ ਦੇਵੌਂ ਮੈਂ ਨਾਹੀਂ ॥

ਦਯਾ ਸਿੰਘਉ ਵਾਚ ॥ ਚੌਪਈ ॥

ਹੇ ਗੁਰ ਮੋਕੋ ਸੰਸਾ ਭਾਰੀ ॥ ਸਤਿਗੁਰ ਦੇਵੋ ਸਕਲ ਨਿਵਾਰੀ ॥
ਕਲਜੁਗ ਕੀਨਾ ਅਧਿਕ ਪਸਾਰਾ ॥ ਸ਼ੁਭ ਕਰਮਨ ਕੋ ਮਾਰ ਨਿਕਾਰਾ ॥
ਪਾਪੀ ਚੈਨ ਕਰਤ ਹੈਂ ਸਾਰੇ ॥ ਸਾਧ ਸੰਤ ਸਭ ਭਏ ਦਵਾਟੇ ॥
ਵਰਣ ਆਸ਼੍ਰਮ ਮਰਯਾਦਾ ਤਿਆਗੀ ॥ ਵਿਖਯਣ ਕੇ ਹੂਏ ਅਨੁਰਾਗੀ ॥
ਦੋਹਰਾ—ਪਾਪ ਬਨਜ ਸਭ ਹੀ ਕਰੈਂ ਹਰਿ ਜਸ ਸੁਨੈਂ ਨਾ ਕਾਨ ॥
ਨਰਕਨ ਸੇ ਕਿਹ ਬਿਧ ਛੁਟੈਂ ਸ੍ਰੀ ਗੁਰ ਕਹੋ ਬਖਾਨ ॥

ਸ੍ਰੀ ਗੁਰਉ ਵਾਚ ॥ ਚੌਪਈ ॥

ਧੰਨ ਧੰਨ ਤੂੰ ਸਿਖ ਵਡਭਾਗੀ ॥ ਪਰਉਪਕਾਰ ਤੋਹਿ ਰੁਚ ਲਾਗੀ ॥
ਕੋਈ ਹੋਇ ਸੁ ਕਲਜੁਗ ਘਾਤਕ ॥ ਸੁਨਨ ਤੇ ਹਰੇ ਸੁ ਸਾਤਕ ॥

ਗੈ ਕੇ ਹਮਨ ਪਾਪ ਹੈ ਜੋਈ ॥ ਕਥਾ ਸੁਨੈ ਤੇ ਨਾਸੈ ਸੋਈ ॥
ਏਕ ਸਮੇਂ ਗੁਰ ਨਾਨਕ ਦੇਵਾ ॥ ਗੁਰ ਅੰਗਦ ਪ੍ਰਤਿ ਭਾਖੇ ਭੇਵਾ ॥
ਏਹ ਪ੍ਰਸ਼ਨ ਗੁਰ ਅੰਗਦ ਕੀਨਾ ॥ ਸ੍ਰੀ ਗੁਰ ਨਾਨਕ ਉਤਰ ਦੀਨਾ ॥
ਕਲਜੁਗ ਭਾਰੀ ਸੁਗਮ ਉਪਾਇ ॥ ਅਬ ਤੁਮ ਕੋ ਹਮ ਦੇਂਹ ਬਤਾਇ ॥
ਪੈਂਤੀ ਅੱਖਰ ਮੁਖੋਂ ਉਚਾਰੇ ॥ ਵਾਕੋ ਆਪ ਰਿਦੇ ਮਹਿ ਧਾਰੇ ॥
ਪੂਰਨਮਾਸ਼ੀ ਬਰਤ ਰਖੀਜੇ ॥ ਬਿਧ ਕੇ ਸਹਿਤ ਪਾਠ ਕਰ ਲੀਜੈ ॥
ਦੋਹਰਾ—ਜੇਕਰ ਪਾਠ ਨਾ ਜਾਨਈ ਕਥਾ ਸੁਨੇ ਨਿਜ ਕਾਨ ॥
ਸੋ ਫਲੁ ਨਿਸਚੈ ਪਾਵਈ ਸੁਨ ਅੰਗਦ ਧਰ ਧਿਆਨ ॥
ਦੋਹਰਾ—ਸਿੱਖ ਸਿੱਖਨੀਆਂ ਬਰਤ ਕੋ ਕਰੇਂ ਹਿਤ ਚਿਤ ਲਾਇ ॥
ਜਥਾ ਸ਼ਕਤਿ ਪਰਸ਼ਾਦ ਕਰ ਜੋ ਸਿੱਖਨ ਮੁਖ ਪਾਇ ॥
ਦੋਹਰਾ—ਤਾਕਾ ਫਲ ਨਹੀਂ ਕਹਿ ਸਕੌਂ ਮਨ ਬਾਂਛਤ ਫਲ ਪਾਹਿੰ ॥
ਧਰਮ ਅਰਥ ਅਰ ਕਾਮ ਮੋਖ ਸਭ ਹੀ ਸਿਧ ਹੋਇ ਜਾਹਿੰ॥

ਚੌਪਈ–ਪੁੰਨ ਕੋਟ ਨਰ ਦਾਨ ਜੋ ਕਰੇ ॥ ਅਸ ਮੇਧ ਜਗ ਫਲ ਕੋ ਧਰੇ ॥
ਪੁਤ੍ਰ ਕਾਮਨਾ ਜਾਕੋ ਹੋਈ ॥ ਵਰਖ ਮਾਂਹਿ ਸੁਤ ਪਾਵੈ ਸੋਈ ॥
ਤ੍ਰਿਯਾ ਵਸ ਕੀਨਾ ਜੋ ਚਹੈ॥ ਗੁਰ ਪੁਰਬਨ ਕੋ ਮਨ ਮਹਿੰ ਗਹੈ ॥

ਦੋਹਰਾ–ਕਲਜੁਗ ਕੇ ਉਧਾਰ ਹਿਤ ਕਥਾ ਸੁਨਾਵੈਂ ਤੋਹਿ ॥
ਜਹਿ ਸੁਨੇਂ ਭਵਸਿੰਧ ਤਰੈਂ ਜਮ ਮਾਰਗ ਨਹਿ ਜੋਹਿ ॥

ਦੋਹਰਾ–ਪੂਰਨਮਾਸ਼ੀ ਬਰਤ ਕੋ ਰਾਖੈ ਜੋ ਨਰ ਨਾਰ ॥
ਮਾਤ ਉਦਰ ਆਵਤ ਨਹੀਂ ਭਵਨਿਧ ਉਤਰੇ ਪਾਰ ॥

ਚੌਪਈ–ਇਹ ਉਤਰ ਗੁਰ ਨਾਨਕ ਦੀਨਾ॥ ਗੁਰ ਅੰਗਦ ਨਿਸਚੈ ਕਰ ਲੀਨਾ ॥
ਦਯਾ ਸਿੰਘ ਅਬ ਸੁਨੋ ਅਗਾਰੀ ॥ ਯਹਿ ਬਰਤ ਕੀ ਮਹਿਮਾ ਭਾਰੀ ॥
ਤਾ ਮਹਿ ਕਹੋਂ ਏਕ ਇਤਿਹਾਸਾ ॥ ਸੰਗਤਿ ਆਈ ਸਤਿਗੁਰ ਪਾਸਾ ॥
ਹਰਿ ਗੋਬਿੰਦ ਗਾਦੀ ਪਰ ਛਾਜੇ ॥ ਕੋਟਿ ਮੈਲ ਦੇਖਤ ਜਿਹ ਲਾਜੈ ॥
ਮਾਈ ਇਕ ਸਤਿਗੁਰੂ ਅਗਾਰੀ ॥ ਹਾਥ ਜੋੜ ਕਰ ਬਿਨੇ ਉਚਾਰੀ ॥

ਹੇ ਸਤਿਗੁਰ ਮੇਰੇ ਗ੍ਰਹਿ ਸੁਤ ਨਾਹੀਂ ॥ ਹਮ ਸਤਿਗੁਰ ਦੇਵੋ ਮੈਂ ਤਾਹੀਂ ॥
ਸ੍ਰੀ ਗੁਰ ਹਸ ਕਹਿ ਉਤਰ ਦੀਨਾ ॥ ਹਮਰੇ ਤੇ ਕਛੁ ਨਾਂਹਿ ਅਧੀਨਾ ॥
ਤੁਮਰੇ ਮਾਥੇ ਲਿਖਿਓ ਨਾਹੀਂ ॥ ਮਾਈ ਨੇ ਪੁਨ ਬਿਨੈ ਅਲਾਈ ॥
ਤੁਮ ਸਤਿਗੁਰ ਲਿਖ ਦੇਵੋ ਹਾਥਾ ॥ ਕਾਰਨ ਕਰਨ ਜਗਤ ਕੇ ਨਾਥਾ ॥
ਤਬੈ ਪ੍ਰਸੰਗ ਹੈ ਸਤਿਗੁਰ ਭਾਖਾ ॥ ਨਿਜ ਕਰ ਲਿਖਾ ਸੁਤਾ ਕੇ ਮਾਤਾ ॥
ਏਕ ਅੰਕ ਤੇ ਹੋਇ ਗਇਓ ਸਾਤਾ ॥ ਪੂਰਨਮਾਸ਼ੀ ਬਰਤ ਮੈਂ ਰਾਤਾ ॥
ਪੈਂਤੀ ਅਖਰ ਮੁਖ ਤੇ ਭਾਖੇ ॥ ਗੁਰ ਮੂਰਤ ਲੈ ਹਿਰਦੇ ਰਾਖੇ ॥
ਸਤ ਸੂਰਮੇ ਗ੍ਰਹਿ ਹੋਇ ਸੋਈ ॥ ਸਪਤ ਰਿਖੀ ਜਗ ਭੀਤਰ ਹੋਈ ॥
ਸੁਨ ਕਰ ਮਾਈ ਹਰਖਤ ਭਈ ॥ ਵਿਦਾ ਮਾਂਗ ਸਤਿਗੁਰ ਤੇ ਗਈ ॥
ਗ੍ਰਿਹ ਮੈਂ ਜਾਇ ਬਰਤ ਕੋ ਰਾਖਾ ॥ ਝੂਠ ਬਚਨ ਨਹੀਂ ਮੁਖ ਤੇ ਭਾਖਾ ॥
ਬਾਹਿਰ ਜਾਇ ਕੀਓ ਇਸ਼ਨਾਨ ॥ ਸਤਿਗੁਰ ਕਾ ਪ੍ਰਭ ਕੀਨੋ ਧਯਾਨ ॥
ਪੈਂਤੀ ਅਖਰ ਮੁਖੋਂ ਉਚਾਰੇ ॥ ਸਤਿਗੁਰ ਧਿਆਨ ਰਿਦੇ ਮੈਂ ਧਾਰੇ ॥

ਪਾਠ ਸਮਾਪਤ ਜਬ ਹੀ ਕੀਨਾ ॥ ਸ੍ਰੀ ਸਤਿਗੁਰ ਨੇ ਦਰਸ਼ਨ ਦੀਨਾ ॥
ਅੰਤਰ ਧਿਆਨ ਭਏ ਤਿਹ ਕਾਲਾ ॥ ਦਰਸ਼ਨ ਪਾ ਕਰ ਭਈ ਨਿਹਾਲਾ ॥
ਕੜਾਹ ਪ੍ਰਸ਼ਾਦ ਕੋ ਤਿਆਰੀ ਕੀਨੀ ॥ ਸੰਗਤ ਬੋਲ ਇਕਠੀ ਕੀਨੀ ॥
ਕੀਰਤਨੀਏਂ ਕੀਰਤਨ ਕੋ ਕਰੈਂ ॥ ਸਾਧ ਸੰਗਤ ਮਹਿਮਾ ਕੋ ਰਰੈਂ ॥
ਪਾਇਆ ਭੋਗ ਦੀਆ ਵਰਤਾਈ ॥ ਸੰਗਤ ਅਪਨੇ ਧਾਮ ਸਿਧਾਈ ॥
ਪਾਂਚ ਸਿਖਨ ਕੋ ਘਰ ਲੇ ਗਈ ॥ ਆਸਨ ਪਰ ਬੈਠਾਵਤ ਭਈ ॥
ਚਰਨ ਧੋਇ ਚਰਨਾਮ੍ਰਿਤ ਲੀਨਾ ॥ ਰਹਿਯੋ ਸੋ ਗ੍ਰਿਹਿ ਮੇਂ ਸਿੰਚਨ ਕੀਨਾ ॥
ਭੋਜਨ ਕਰ ਭਾਯੋ ਸਹ ਪਿਆਰ ॥ ਸੰਤਨ ਸੋਂ ਤਬ ਕੀਨ ਉਚਾਰ ॥
ਹਮ ਸੇ ਨਹਿੰ ਸੇਵਾ ਬਨ ਆਈ ॥ ਸਿਖਨ ਰੀਤ ਨਾ ਜਾਨੌਂ ਕਾਈ ॥
ਪਤਿ ਸੰਤਨ ਸੋਂ ਬੋਲਾ ਐਸਾ ॥ ਪੂਰਨਮਾਸ਼ੀ ਬਰਤ ਹੈ ਕੈਸਾ ॥
ਸੰਤਨ ਕਹਾ ਸੁਨੋ ਚਿਤ ਲਾਈ ॥ ਤੇਰੇ ਮਨ ਕਾ ਭਰਮ ਨਸਾਈ ॥
ਸੋਰਠਾ—ਚਿਤ੍ਰਸੈਨ ਇਕ ਨਾਮ ਗੁਰ ਕੋ ਸਿਖ ਸਦਵਾਈ ॥

ਸੰਗਲਾਦੀਪ ਸੋ ਨਾਮ ਭਰ ਜਹਾਜ਼ ਬੇ ਲੇ ਚਲਾ ॥
ਸੋਰਠਾ–ਪਹੁੰਚ ਭਯੋ ਸੁਤੇਵ ਰਾਜਾ ਸ਼ਿਵ ਨਾਭੀ ਜਹਾਂ ॥
ਸ੍ਰੀ ਗੁਰੂ ਨਾਨਕ ਦੇਵ ਪ੍ਰਾਨ ਸੰਗਲੀ ਤਿਹ ਕਰੀ ॥
ਸੋਰਠਾ–ਮਨ ਮੈਂ ਕਰਤ ਬੀਚਾਰ ਦੇਹੁਰੇ ਕਾ ਦਰਸਨ ਕਰੋਂ ॥
ਹਾਥ ਲੀਨ ਭਰ ਥਾਰ ਪਤਾਸੇ ਮੰਗਵਾਇ ਕੇ ॥
ਚੌਪਈ--ਦੇਖ ਨਗਰ ਅਲੰਕ੍ਰਿਤ ਸਾਰੋ ॥ ਸਭ ਦਰਵਾਨ ਪਰ ਬੰਦਨ ਵਾਰੇ॥
ਦਵਾਰੇ ਊਪਰ ਨੌਬਤ ਵਾਜੇ ॥ ਇੰਦ੍ਰ ਪੁਰੀ ਜਿਹ ਦੇਖਤ ਲਾਜੇ ॥
ਘਰ ਘਰ ਮੰਗਲ ਗਾਵੈ ਨਾਰੀ ॥ ਜੋਗਨ ਕੇ ਮਨ ਹਰਨੇ ਵਾਰੀ ॥
ਮੋਹਨ ਕਰੇ ਸੁ ਮੰਗਲ ਗਾਨਾ ॥ ਪੂਰਨਮਾਸ਼ੀ ਕੇ ਦਿਨ ਜਾਨਾ ॥
ਸ੍ਰੀ ਨਾਨਕ ਲੀਨੋ ਅਵਤਾਰ ॥ ਪੂਰਨਮਾਸ਼ੀ ਦਿਵਸ ਮਝਾਰ ॥
ਜਨਮ ਅਸ਼ਟਮੀ ਬਰਤ ਰੇ ਅਧਕਾ ॥ ਰਾਮਨੌਮੀ ਇਕਾਦਸ਼ਿ ਬ੍ਰਤ ਕਾ ॥
ਸਭ ਬਰਤਨ ਸੇ ਉਤਮ ਜਾਨੋ ॥ ਗੁਰ ਸਿੱਖਨ ਕੋ ਮੁਕਤ ਜੁ ਦਾਨੋ ॥

ਸੰਗਤ ਮਿਲ ਕਰ ਆਵੈ ਤਹਾਂ ॥ ਸ੍ਰੀ ਗੁਰੂ ਨਾਨਕ ਦੇਹੁਰਾ ਜਹਾਂ ॥
ਸ਼ਬਦ ਪੜ੍ਹੈਂ ਬਹੁ ਬਾਜ ਬਜਾਵੈਂ ॥ ਪੂਰਨਮਾਸ਼ੀ ਕਥਾ ਸੁਨਾਵੈਂ ॥
ਕੜਾਹ ਪ੍ਰਸ਼ਾਦਿ ਗੁਰ ਆਗੇ ਰਾਖੇ ॥ ਚਰਨ ਧੂੜ ਨਿਤ ਲਾਵੇਂ ਮਾਥੇ ॥
ਕਥਾ ਸੁਨ ਬਹੁਤੇ ਰਸਭੀਨੀ ॥ ਗੁਰ ਮਹਿਮਾ ਜਾਸੈਂ ਬਹੁ ਕੀਨੀ ॥
ਭੋਗ ਕਥਾ ਕਾ ਪਾਯਾ ਜਬੈ ॥ ਆਰਤੀ ਕਰਤ ਭਏ ਮਿਲ ਸਭੈ ॥
ਲੈ ਪ੍ਰਸ਼ਾਦ ਸਭ ਭਵਨ ਸਿਧਾਰੇ ॥ ਚਿਤ੍ਰਸੈਨ ਬੈਠਾ ਗੁਰਦੁਆਰੇ ॥
ਪੁਜਾਰੀ ਸੇ ਪੂਛਣ ਲਾਗਾ ॥ ਕੌਨ ਗੁਰੂ ਕਾ ਪੁਰਬ ਹੈ ਆਜਾ ॥
ਪੂਰਨਮਾਸ਼ੀ ਦਿਨ ਹੈ ਜੋਈ ॥ ਪੁਰਬ ਗੁਰੂ ਕਾ ਜਾਨੋ ਸੋਈ ॥
ਸੁਨ ਕਰਕੇ ਐਸੇ ਤਿਨ ਕਹਿਆ ॥ ਸ੍ਰੀ ਗੁਰ ਨਾਨਕ ਮੁਖੋਂ ਅਲੈਆ ॥
ਕੁਛ ਦਿਨ ਤਿਨ ਕੀਨ ਨਿਵਾਸਾ ॥ ਤਬੈ ਬਰਤ ਕੀ ਧਰ ਮਨ ਆਸਾ ॥

ਦੋਹਰਾ—ਭਰ ਜਹਾਜ਼ ਗ੍ਰਹਿ ਕੋ ਚਲਾ ਅਟਕਿਓ ਮਗ ਕੇ ਮਾਂਹਿ ॥
ਰਖਕ ਮੇਰੇ ਕੋ ਨਹੀਂ ਸ੍ਰੀ ਗੁਰ ਦੇਵੋ ਬਾਂਹਿ ॥

ਦਹਰਾ—ਤਬ ਅਕਾਸ਼ ਬਾਨੀ ਭਈ ਨਿਕਸੇ ਤਹਾਂ ਜਹਾਜ ॥
ਪੂਰਨਮਾਸ਼ੀ ਬਰਤ ਕੋ ਕਰੋ ਦਿਵਸ ਹੈ ਆਜ ॥
ਚੌਪਈ—ਪੂਰਨਮਾਸ਼ੀ ਕਾ ਬ੍ਰਤ ਰਾਖੋ ॥ ਅੱਖਰ ਜਾਪ ਪੈਂਤੀਸੀ ਭਾਖੋ ॥
ਪਾਠ ਸਮਾਪਤ ਜਬ ਹੀ ਭਇਆ ॥ ਸ੍ਰੀ ਗੁਰ ਨਾਨਕ ਦਰਸ਼ਨ ਦਇਆ ॥
ਆਂਖ ਉਘਾੜੀ ਦੇਖਣ ਲਾਗਾ ॥ ਛੁਟਿਓ ਪੋਤ ਕਨਾਰੇ ਲਾਗਾ ॥
ਗ੍ਰਿਹ ਮੇਂ ਆਇਆ ਕਥਾ ਸੁਨਾਈ ॥ ਗੁਰ ਕੀ ਮਹਿਮਾਂ ਕਹੀ ਨਾ ਜਾਈ ॥
ਸੰਤ ਸੁਨਾਈ ਕਥਾ ਰਸਾਲਾ ॥ ਸਿਖ ਕੋ ਮਨ ਦ੍ਰਵਿਓ ਤਤਕਾਲਾ ॥
ਥਾਨ ਭੇਟ ਏਕ ਤਿਹ ਕੀਨਾ ॥ ਸੰਤਨ ਕੋ ਤਬ ਵਿਦਾ ਸੁ ਕੀਨਾ ॥
ਸੰਤਨ ਕੋ ਡੇਰੇ ਪਹੁੰਚਾਇ ॥ ਭੋਜਨ ਪੀਛੇ ਕਰਾ ਤਦਾਇ ॥
ਨਾਰੀ ਗਰਭਵਤੀ ਸੀ ਭਈ ॥ ਦਸਮੇਂ ਕੋ ਪੁਤਰ ਜਨਮਈ ॥
ਦੋਹਰਾ—ਸੁਨੋ ਸਿਖ ਤੁਮ ਸੋ ਕਹੋਂ ਕਥਾ ਗੂੜ ਇਕ ਔਰ ॥
ਨੌਮੇ ਗੁਰ ਕੋ ਸਿਖ ਇਕ ਰਹੇ ਸੁ ਬੀਚ ਲਾਹੌਰ ॥

ਚੌਪਈ--ਲਵ ਪੁਰ ਤੇ ਦਰਸ਼ਨ ਗੁਰ ਆਯੋ॥ ਊਠ ਏਕ ਰਸਤੇ ਮਹਿ ਪਾਯੋ॥
ਕਾਗ ਦੇਤ ਤਿਹ ਕੋ ਦੁਖ ਭਾਰੀ ॥ ਕੀੜੇ ਪੜੇ ਸੁ ਦੇਹ ਮੰਝਾਰੀ॥
ਦੇਖਯੋ ਇਕ ਦਯਾ ਮਨ ਆਈ ॥ ਪੂਰਨਮਾਸ਼ੀ ਫਲ ਦਿਓਂ ਭਾਈ॥
ਏਕ ਬਰਤ ਕਾ ਫਲ ਯਹ ਦੀਨੋ ॥ ਊਠ ਦੇਹ ਤਿਆਗਨ ਤਬ ਕੀਨੋ॥
ਦਿੱਵ ਦੇਹ ਧਰ ਉਸਤਤਿ ਕਰੀ ॥ ਸਿਖ ਪੂਛਨ ਕੀਨੀ ਤਿਹ ਘਰੀ॥
ਕੌਣ ਕਹੇ ਤੂੰ ਮੋ ਕੋ ਕਹੋ ॥ ਊਠ ਜਨਮ ਮਹਿ ਤੁਮ ਕਿਮ ਲਹੋ॥
ਸੁਨ ਸੰਤਾ ਮੈਂ ਸਾਚੀ ਭਾਖੋਂ ॥ ਤੁਮਤੇ ਗੁਹਜ ਨ ਰੰਚਕ ਰਾਖੋਂ॥
ਚੰਦੂ ਸ਼ਾਹ ਜੋਊ ਗੁਰ ਮਾਰਾ ॥ ਊਠ ਜਨਮ ਤਬ ਪਾਇਓ ਭਾਰਾ ॥
ਸਰਾਪ ਗੁਰੂ ਕਾ ਪੂਰਾ ਭਇਆ ॥ ਸਿਖ ਗੁਰੂ ਕੋ ਦਰਸ਼ਨ ਦਇਆ॥
ਮੈਂ ਜਾਵੋਂ ਗੁਰ ਅਰਜਨ ਪਾਸਾ ॥ ਜਨਮ ਮਰਨ ਕੀ ਕਾਟੀ ਫਾਸਾ॥
ਏਹ ਚਲਿਤ੍ਰ ਦੇਖਾ ਗੁਰ ਜਬਹੀ ॥ ਨਿਸਚੈ ਭਇਓ ਸਿਖਨ ਮਨ ਤਬਹੀ॥
ਸ੍ਰੀ ਗੁਰ ਕੋ ਸਭ ਕਥਾ ਸੁਨਾਈ ॥ ਸਤਿਗੁਰ ਮਹਿਮਾਂ ਕਹੀ ਨ ਜਾਈ॥

ਦੋਹਰਾ—ਦਇਆ ਸਿੰਘ ਕਹਿ ਔਰ ਸੁਨ ਕਥਾ ਮਹਾਤਮ ਜੋਇ ॥
ਯਮ ਪੁਰ ਮੇਂ ਇੱਕ ਸਿਖ ਗਇਓ ਦੇਖਨ ਲਗਾ ਸੋਇ ॥
ਦੋਹਰਾ—ਅਸ਼ਟ ਦਸੋ ਨਰਕਨ ਬਿਖੇ ਪਰ ਹੈਂ ਜੀਵ ਅਪਾਰ ॥
ਤਪਤ ਤੇਲ ਸਮ ਤੜਪ ਹੈਂ ਕਰੈਂ ਜੋ ਹਾਹਾਕਾਰ ॥
ਚੌਪਈ—ਸੁਤਾ ਏਕ ਦਰਬਨ ਕਉ ਲੀਆ ॥ ਗੁਰ ਤੇ ਬੇਮੁਖ ਜੋ ਨਰ ਬੀਆ ॥
ਨਿੰਦਕ ਚੋਰ ਹਰਾਮੀ ਖੋਰ ॥ ਤਿਸ ਪਾਪੀ ਕਉ ਮਿਲੈ ਨ ਠੌਰ ॥
ਇਸ ਬੀਂ ਆਦਿ ਔਰ ਮਹਾਂ ਪਾਪੀ ॥ ਤਿਸੀ ਨਰਕ ਮੇਂ ਬਹੁ ਸੰਤਾਪੀ ॥
ਗੁਰ ਸਿਖ ਦੁਖੁ ਸੁ ਲੀਏ ਛੁਡਾਏ ॥ ਪੈਂਤੀ ਅਖਰ ਜਾਪ ਕਰਾਏ ॥
ਜਾਪ ਮਹਾਤਮ ਤਿਨ ਕਉ ਦੀਆ ॥ ਸਭ ਕੋ ਕਾਢ ਨਰਕ ਤੇ ਲੀਆ ॥
ਦੋਹਰਾ—ਪੂਰਨਮਾਸ਼ੀ ਬਰਤ ਕੀ ਬਿਧੀ ਸੁਨਾਵੋ ਮੋਹਿ ॥
ਪੈਂਤੀ ਅਖਰ ਜਾਪ ਕੋ ਕਰੈ ਕਵਨ ਬਿਧਿ ਸੋਇ ॥
ਚੌਪਈ—ਕਿੰਚਤ ਕਰ ਸੇ ਤੋਹਿ ਉਚਾਰੋਂ ॥ ਪੂਰਨਮਾਸ਼ੀ ਬਰਤ ਪੁਕਾਰੋਂ ॥

ਸਾਰ ਸੋ ਮੋ ਪੈ ਕਹਿਓ ਨ ਜਾਇ ॥ ਭਿੰਨ ਭਿੰਨ ਤੋਇ ਦੇਉਂ ਸੁਨਾਈ ॥
ਜਿਸ ਦਿਨ ਪੂਰਨਮਾਸ਼ੀ ਆਇ ॥ ਅੰਮ੍ਰਿਤ ਵੇਲੇ ਉਠ ਕਰ ਨ੍ਹਾਇ ॥
ਜਬ ਜਾਪੁ ਜੀ ਪ੍ਰਿਥਮ ਕਰੀਜੈ ॥ ਗੁਰ ਮੰਤ੍ਰ ਪਹਿਲੇ ਪੜ੍ਹ ਲੀਜੈ ॥
ਪੈਂਤੀ ਅਖਰੀ ਜਾਪ ਜਪੀਜੈ ॥ ਪਾਠ ਸਮਾਪਤ ਤਬਹੀ ਕੀਜੈ ॥
ਗੁਰੂ ਗਰੰਥ ਕਾ ਦਰਸ਼ਨ ਜੇਵੈ ॥ ਚਰਨਾਮ੍ਰਿਤ ਸਤਿਗੁਰ ਕਾ ਲੇਵੈ ॥
ਗ੍ਰਿਹ ਕਾਰਜ ਜਾਕੈ ਫਿਰ ਕੀਜੈ ॥ ਜੇਕਰ ਪਿਆਸ ਲਗੈ ਜਲ ਪੀਜੈ ॥
ਸੰਸਾ ਭਰਮ ਮੂਲ ਨਹੀਂ ਕੀਜੈ ॥ ਕਾਮ ਕ੍ਰੋਧ ਮਦ ਦੂਰ ਕਰੀਜੈ ॥
ਜੇਕਰ ਕਥਾ ਨਹੀਂ ਕਰ ਜਾਨੈ ॥ ਕਥਾ ਸੁਨੇ ਭੀਨੀ ਰਸ ਕਾਨੈ ॥
ਜਾਮ ਤੀਸਰੇ ਜਾ ਗੁਰਦਵਾਰੇ ॥ ਕਥਾ ਸੁਨੇ ਮਨ ਚਿਤ ਕੋ ਧਾਰੇ ॥
ਜਥਾ ਗੁਰ ਸ਼ਕਤਿ ਭੇਟਾ ਦੇਵੈ ॥ ਸਤਿਗੁਰ ਕਾ ਕੜਾਹ ਕਰ ਲੇਵੈ ॥
ਆਰਤੀ ਕਰ ਪਾਛੈ ਵਰਤਾਵੈ ॥ ਸੰਗਤ ਤਬ ਉਠਿ ਗ੍ਰਿਹ ਕੋ ਆਵੈ ॥
ਸਿਖਨ ਕੋ ਪ੍ਰਸਾਦਿ ਕਰਾਵੈ ॥ ਚਰਨ ਧੋਇ ਚਰਨਾਮ੍ਰਿਤ ਲਾਵੈ ॥

ਸੇਸ ਵਧੇ ਤਬ ਭਵਨ ਸਿੰਚੇਵੈ ॥ ਪ੍ਰਿਥਮ ਛਕਾਇ ਆਪ ਤਬ ਜੇਵੈ ॥
ਰਾਤਨ ਮੇਂ ਜਗਰਾਤਾ ਕਰੇ ॥ ਸਾਧ ਸੰਗਤ ਕੀ ਸੇਵਾ ਧਰੇ ॥
ਸਤਿਗੁਰ ਮਹਿਮਾ ਮੁਖੋਂ ਉਚਾਰੇ ॥ ਦਇਆ ਸਿੰਘ ਮਨ ਆਨੰਦ ਧਾਰੇ ॥
ਆਗੇ ਔਰ ਸੁਨਨ ਕੀ ਚਾਹੇ ॥ ਸਤਿਗੁਰ ਸਾਚੇ ਔਰ ਸੁਨਾਇ ॥
ਸਤਿ ਬਰਤ ਸਭ ਕੋ ਹੈ ਧਰਮ ॥ ਪਤੀਬਰਤ ਨਾਰੀ ਕੋ ਕਰਮ ॥
ਸਾਈ ਬਰਤ ਦੀਨਤਾ ਧਾਰੇ ॥ ਆਪ ਤਰੇ ਸਗਲੇ ਕੁਲ ਤਾਰੇ ॥
ਨਾਰੀ ਬਰਤ ਖੰਡਨ ਹੋਇ ਜਾਇ ॥ ਜਲ ਕੇ ਬਿਖੇ ਨਗਨ ਜਬ ਨ੍ਹਾਇ ॥
ਇਕ ਨਾਰੀ ਕੀ ਕਥਾ ਸੁਨਾਵੋਂ ॥ ਸਰੋਤਾ ਕਾ ਸੰਦੇਹ ਮਿਟਾਵੋਂ ॥
ਦੇਵ ਅੰਗਨਾ ਰੂਪ ਅਪਾਰਾ ॥ ਸੁੰਦਰ ਜਲ ਕਾ ਦੇਖ ਕਿਨਾਰਾ ॥
ਬਸਤਰ ਦੀਨੇ ਸਕਲ ਉਤਾਰ ॥ ਨਗਨ ਹੋਇ ਕਰ ਨਹਾਰੀ ਨਾਰ ॥
ਸੂਰਜ ਕੋ ਜਲ ਦਾਨ ਸੁ ਕੀਨਾ ॥ ਪੂਰਬ ਮੁਖ ਨਗਨ ਹੋਇ ਕੀਨਾ ॥
ਦੁਰਬਾਸਾ ਰਿਖ ਨਿਕਸਯੋ ਆਇ ॥ ਤਾਕੋ ਦੇਖ ਬਹੁਤ ਖੁਨਸਾਏ ॥

ਸਰਾਪ ਦੀਓ ਤਿਸ ਕੋ ਤਬ ਭਾਗੀ ॥ ਦੁਸ਼ਟਾਤੁਮ ਰਾਖਸ਼ ਹੋ ਨਾਗੀ ॥
ਸਰਾਪ ਸੁਨਤ ਬਹੁਤ ਭੈ ਪਾਯੋ ॥ ਹਾਥ ਜੋਰ ਕਰ ਬਿਨੈ ਅਲਾਯੋ ॥
ਸਰਾਪ ਅੰਤ ਭਾਖੇ ਮੁਨਿ ਨਾਥਾ ॥ ਤਬ ਮੁਨ ਕਹਾ ਰਹੇ ਵਿਚ ਮਾਥਾ ॥
ਅੰਡਜ ਕੀ ਮਾਯਾ ਕੋ ਗਹੇ ॥ ਏਹ ਬਿਧ ਉਦਰ ਬਿਖੈ ਦੁਖ ਸਹੇ ॥
ਬਾਤ ਸੁਨੀ ਜੀਅ ਸੋਧਨ ਜਾਇ ॥ ਸੋਈ ਤੁਮ ਕੋ ਮੁਕਤ ਕਰਾਇ ॥
ਦੋਹਰਾ—ਜੋ ਤੀਅ ਬਰਤ ਕੇ ਦਿਨ ਮੇਂ ਨਗਨ ਕਰੇ ਇਸ਼ਨਾਨ ॥
ਤਾਂਕਾ ਬ੍ਰਤ ਫਲ ਨਾਸ ਹੋਇ ਸਵਰਗ ਨ ਪਾਏ ਥਾਨ ॥
ਚੋਪਈ—ਦਯਾ ਸਿੰਘ ਇਕ ਸਿਖਿਆ ਭਾਖੋਂ ॥ ਅਪਨੇ ਸਿਖਨ ਕੇ ਹਿਤ ਰਾਖੋਂ ॥
ਸਿੱਖ ਸਿਖਣੀ ਮੇਰੇ ਬਚ ਮਾਨੈਂ ॥ ਚਾਰ ਪਦਾਰਥ ਪਰਾਪਤ ਠਾਨੈਂ ॥
ਪੂਰਨਮਾਸ਼ੀ ਬਰਤ ਕੋ ਰਾਖੇ ॥ ਸੰਗ ਮਲੇਛ ਦੂਰ ਤੇ ਨਾਸੇ ॥
ਸੁੱਧ ਰਿਦਾ ਹੋਇ ਮਮ ਢਿਗ ਆਵੇ ॥ ਤਾਕੇ ਪਾਪ ਨ ਛੋਹਣ ਪਾਵੇ ॥
ਦੋਹਰਾ—ਪੈਂਤੀਸ ਅਖਰੀ ਜਾਪ ਕਰ ਤਾਕੇ ਸਮ ਨਹੀਂ ਕੋਇ ॥

ਸਭ ਫਲਦਾਇਕ ਪਾਠ ਹੈ ਮਨ ਬਾਂਛਤ ਸੁਖ ਹੋਇ ॥

ਅਬ ਪੈਂਤੀਸ ਅੱਖਰੀ ਓ ਆ ਈ ਸਾ ਹਾ

ਓਅੰਕਾਰ ਸਰਬ ਪ੍ਰਕਾਸੀ ॥ ਆਤਮ ਸੁਧ ਅਕ੍ਰੈ ਅਬਿਨਾਸੀ ॥
ਈਸ ਜੀਵ ਮੈਂ ਭੇਦ ਨ ਜਾਨੋ ॥ ਸਾਧ ਚੋਰ ਸਭ ਬ੍ਰਹਮ ਪਛਾਨੋ ॥
ਹਸਤੀ ਚੀਟੀ ਤ੍ਰਿਣ ਲੌ ਆਦੰ ॥ ਏਕ ਅਖੰਡਤ ਬਸੈ ਅਨਾਦੰ ॥

ਕਾ ਖਾ ਗਾ ਘਾ ਙਾ

ਕਾਰਨ ਕਰਨ ਅਕਰਤਾ ਕਹੀਐ ॥ ਭਾਨ ਪ੍ਰਕਾਸ਼ ਜਗਤ ਜਿਉ ਲਹੀਐ ॥
ਖਾਨ ਪਾਨ ਕਿਛੂ ਰੂਪ ਨ ਰੇਖੰ ॥ ਨਿਰਬਿਕਾਰ ਅਦਵੈਤ ਅਲੇਖੰ ॥
ਗਾਤ ਗ੍ਰਾਮ ਸਭ ਦੇਸ ਦਿਸੰਤਰ ॥ ਸਤ ਕਰਤਾਰ ਸਰਬ ਕੇ ਅੰਤਰ ॥
ਘਨ ਕੀ ਨਿਆਈਂ ਸਦਾ ਅਖੰਡਤ ॥ ਙਯਾਨ ਬੋਧ ਪਰਆਤਮ ਪੰਡਤ ॥

ਚਾ ਛਾ ਜਾ ਝਾ ਞਾ

ਚਾਪ ਗਿਆਨ ਕਰ ਯਾਹਿ ਬਿਰਾਜੇ ॥ ਛਾਇਆ ਦਵੈਤ ਸਕਲ ਉਠ ਭਾਜੈ ॥

ਜਾਗਜ ਸੁਪਨ ਸਖੋਪਤ ਤੁਰੀਆ ॥ ਆਤਮ ਭੂਪਤ ਕੀ ਇਹ ਪੁਰੀਆ॥
ਝੁਨਤਕਾਰ ਅਨਹਦ ਘਨਘੋਰੰ ॥ ਤ੍ਰਿਕੁਟੀ ਭੀਤਰ ਅਤ ਛਬ ਜੋਰੰ॥
ਞਾਣਤ ਜੋਗੀ ਇਹ ਰਸ ਬਾਤਾ ॥ ਸੋਹੰ ਸਬਦ ਅੰਮੀ ਰਸ ਮਾਤਾ॥

ਟਾ ਠਾ ਡਾ ਢਾ ਣਾ

ਟਾਰਨ ਭਰਮ ਅਗਾਨ ਕੀ ਸੈਨਾ ॥ ਸਤਿਗੁਰ ਮੁਕਤ ਪਦਾਰਥ ਦੈਨਾ॥
ਠਾਕਤ ਦੁਬਿਧਾ ਨਿਰਮਲ ਕਰਣੰ ॥ ਡਾਰ ਸੁਧਾ ਮੁਖ ਅਪਦਾ ਹਰਣੰ॥
ਢਾਪਤ ਦਵੈਤ ਅੰਧੇਰੀ ਮਨ ਕੀ ॥ ਣਾਸਤ ਗੁਰ ਭ੍ਰਮਤਾ ਸਭ ਤਨ ਕੀ॥

ਤਾ ਥਾ ਦਾ ਧਾ ਨਾ

ਤਾਰਨ ਗੁਰੂ ਬਿਨਾਂ ਨਹੀਂ ਕੋਈ ॥ ਸਾਸਤ੍ਰ ਸਿੰਮ੍ਰਿਤ ਮਤ ਬਾਤ ਪਰੋਈ॥
ਥਾਨ ਅਦਵੈਤ ਤਬੀ ਜਾਇ ਪਰਸੈ ॥ ਮਨ ਬਚ ਕਰਮ ਗੁਰੂ ਪਗ ਦਰਸੈ॥
ਦਾਰਿਦ ਰੋਗ ਮਿਟੈ ਸਭ ਤਨ ਕਾ ॥ ਗੁਰ ਕਰੁਣਾ ਕਰ ਹੋਵੈ ਮੁਕਤਾ॥
ਧੰਨ ਗੁਰਦੇਵ ਮੁਕਤ ਕੇ ਦਾਤੇ ॥ ਨਾਨਾ ਨੇਤ ਬੇਦ ਜਸ ਗਾਤੇ॥

ਪਾ ਫਾ ਬਾ ਭਾ ਮਾ

ਪਾਰਬ੍ਰਹਮ ਸਭ ਮਾਹਿੰ ਸਮਾਨਾ ॥ ਸਾਂਤ ਸਿਧਾਂਤਿ ਕੀਓ ਵਖਯਾਨਾ ॥
ਫਾਸ ਕਟੀ ਦ੍ਵੈਤ ਗੁਰ ਪੂਰੇ ॥ ਤਬ ਬਾਜੇ ਸ਼ਬਦ ਅਨਾਹਦ ਤੂਰੇ ॥
ਬਾਣੀ ਬ੍ਰਹਮ ਸਾਥ ਭਯੋ ਮੇਲਾ ॥ ਭੰਗ ਦ੍ਵੈਤ ਹਉਂ ਸਦਾ ਅਕੇਲਾ ॥
ਮਾਨ ਅਪਮਾਨ ਦੋਊ ਜਰ ਗਏ ॥ ਜੋਊ ਥੇ ਸੋਊ ਪੁਨ ਭਏ ॥

ਯਾ ਰਾ ਲਾ ਵਾ ੜਾ

ਯਾ ਕ੍ਰਿਯਾ ਕਉ ਸੋਊ ਪਛਾਨੈ ॥ ਅਦ੍ਵੈਤ ਅਖੰਡ ਆਪ ਕਉ ਮਾਨੈ ॥
ਰਵਿ ਰਹੇ ਸਭ ਮਹਿ ਪੁਰਖ ਅਲੇਖੰ ॥ ਆਦਿ ਅਪਾਰ ਅਨਾਦ ਅਭੇਖੰ ॥
ੜਾੜ ਮਿਟੀ ਆਤਮ ਦਰਸਾਨਾ ॥ ਪ੍ਰਗਟੇ ਗਿਆਨ ਜੋਤ ਤਬ ਭਾਨਾ ॥
ਲਿਵਲੀਨ ਭਏ ਆਤਮ ਮਦ ਐਸੇ ॥ ਜਿਉਂ ਜਲ ਜਲਹਿ ਭੇਦ ਕਹੁ ਕੈਸੇ ॥
ਵਾਸਦੇਵ ਬਿਨ ਅਵਰ ਨ ਕੋਊ ॥ ਨਾਨਕ ਓਅੰ ਸੋਹੰ ਆਤਮ ਸੋਊ ॥

ਅਗੇ ਦੁਰਗਾ ਮੰਤ੍ਰ ਪੈਂਤੀ ਅਖਰੀ ਨਾਲ ਰਲਾਇ ਲਿਖਿਆ—

ਓਅੰ ਹਰੀਅੰ ਸ੍ਰੀਅੰ ਲਰੀਅੰ ਸੁੰਦ੍ਰੀ ਬਾਲਾਇ ਨਮਹ: ॥

ਦਸਵੇਂ ਮਹਲ ਸਾਹਿਬ ਕੀ ਆਗਿਆ ਹੈ ਜੋ ਦੁਰਗਾ ਮੰਤ੍ਰ ਪੈਂਤੀ ਅਖਰੀ ਨਾਲ ਰਲਾਇਕੇ ਪੜ੍ਹੇ ਸੋਈ ਮੁਕਤ ਹੋਵੇਗਾ ॥ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਅੱਖਰ ਪ੍ਰਚਲਤ ਕੀਤੇ ਹਨ ॥

## ਪੈਂਤੀ ਅੱਖਰੀ ਮਹਾਤਮ

ਸ੍ਰੀ ਗੁਰੂ ਅਪਨਾ ਬਿਰਧ ਰਖਾਯਾ ॥ ਦੁਰਗਾ ਮੰਤਰ ਸਾਬ ਲਿਖਾਯਾ ॥
ਤਾ ਮੈਂ ਅਪਨੀ ਕਲਾ ਦਿਖਾਈ ॥ ਰਿਧਿ ਸਿਧਿ ਗੁਰ ਮੁਖੋਂ ਅਲਾਈ ॥
ਪੂਰਬ ਮੁਖ ਕਰ ਕਰੇ ਜੋ ਪਾਠਾ ॥ ਇਕ ਸੌ ਦਸ ਅਰ ਉਪਰ ਆਠਾ ॥
ਪੁੱਤ੍ਰ ਲੱਛਮੀ ਆਪੇ ਆਵੈ ॥ ਗੁਰ ਕਾ ਬਚਨ ਨਾ ਬਿਰਥਾ ਜਾਵੈ ॥
ਦਖਨ ਮੁਖ ਧਰ ਪਾਠ ਜੁ ਕਰੈ ॥ ਸ਼ੱਤਰੂ ਤਾਂਕਾ ਤਤ ਛਿਨ ਮਰੈ ॥
ਪਛਮ ਮੁਖ ਧਰ ਪੜ੍ਹੇ ਜੇ ਕੋਈ ॥ ਤਾਂਕੇ ਵਸ ਨਰ ਨਾਰੀ ਹੋਈ ॥
ਉੱਤਰ ਦਿਸਾ ਸਿਧੀ ਕੋ ਪਾਵੇ ॥ ਤਾਕੋ ਬਚਨ ਸਤ ਹੋਇ ਜਾਵੇ ॥

ਜਾਕੇ ਗਰਭ ਪਾਦ ਹੋਇ ਜਾਇ ॥ ਮੰਤ੍ਰ ਕਰ ਜਲ ਪਾਨ ਕਰਾਇ ॥
ਮੰਤਰ ਪੜ੍ਹੇ ਉਦਰ ਧਰ ਹਾਥ ॥ ਦੀਰਘ ਆਯੂ ਸੁਤ ਕੇ ਨਾਥ ॥
ਸੁਤ ਜਨੇ ਨਹੀਂ ਪੁਤ੍ਰ ਉਮਾਹਿ ॥ ਤਾਂਕੋ ਭਾਖੋਂ ਏਕ ਉਪਾਇ ॥
ਜਾਮ ਨਿਸਾ ਬੀਤੇ ਜਬ ਆਇ ॥ ਬਾਹ ਬਖਸਬਲ ਹਾਥ ਟਿਕਾਇ ॥
ਤੀਨ ਮਾਸ ਐਸੀ ਬਿਧਿ ਕਰੇ ॥ ਜਨਮੇ ਪੁਤ੍ਰ ਨਹੀਂ ਫਿਰ ਮਰੇ ॥
ਅਠਰਾਹੇ ਕਾ ਏਹ ਉਪਾਵਾ ॥ ਗੁਰ ਕ੍ਰਿਪਾ ਤੇ ਕਾਲ ਰਖਾਵਾ ॥
ਪਤਿ ਵਸਿ ਕੀਨਾ ਚਾਹੇ ਨਾਰ ॥ ਗੁਰ ਕੀ ਸੇਵਾ ਮਨ ਮਹਿ ਧਾਰ ॥
ਮੰਤਰ ਪੜ੍ਹ ਕਰ ਕਰੇ ਅਹੂਤੀ ॥ ਨਿਤ ਪ੍ਰਤਿ ਕਰੇ ਮੁਕਤਿ ਕੀ ਹੂਤੀ ॥
ਪੈਸੇ ਪੰਜ ਦੇਵੈ ਅਰਦਾਸ ॥ ਕਥਾ ਸੁਨੈ ਗੁਰੂ ਗ੍ਰੰਥ ਕੇ ਪਾਸ ॥
ਬਾਰਾਂ ਪੂਰਨਮਾਸ਼ੀ ਕਰੇ ॥ ਦੂਧ ਘ੍ਰਿਤ ਮਿਸ਼ਟਾਨ ਸੁਚ ਧਰੇ ॥
ਭੋਜਨ ਕਰ ਕਰਾਇ ਸਦਵਾਵੇ ॥ ਗੁਰਸਿਖ ਕੋ ਪਰਸਾਦ ਛਕਾਵੇ ॥
ਵਰਤਨ ਕੋ ਇਕ ਦਇ ਪੁਸ਼ਾਕ ॥ ਭੋਜਨ ਕਰਵਾਵੇ ਬਹੁ ਪਾਕ ॥

ਸੁਰਜਨ ਸਿੰਘ ਕਰੀ ਤਿਆਰੀ ॥ ਪਾਰਬ੍ਰਹਮ ਕੇ ਹੁਕਮ ਮਝਾਰੀ ॥
ਆਗੇ ਔਰ ਸੁ ਕਥਾ ਸੁਨਾਵੌਂ ॥ ਸਤਿਗੁਰ ਸਾਚੇ ਭੇਦ ਬਤਾਵੌਂ ॥
ਜੋ ਕੋਈ ਆਪ ਨੂੰ ਸਿਖ ਕਹਾਵੈ ॥ ਕਬਰਾਂ ਕੋ ਪੂਜਣ ਵਹ ਜਾਵੈ ॥
ਵਾਕੀ ਗਤੀ ਕਹੌ ਹੇ ਨਾਬਾ ॥ ਕੈਸੇ ਮਿਲੇ ਹੁਨ ਸੰਗਤ ਸਾਬਾ ॥
ਸੁਨੋ ਸਿਖ ਅਬ ਤੋਹਿ ਸੁਨਾਊਂ ॥ ਤੇਰੇ ਮਨ ਕਾ ਭਰਮ ਮਿਟਾਊਂ ॥
ਜੋ ਸਿਖ ਸਿਖਣੀ ਪੂਜੇ ਗੋਰ ॥ ਨਰਕ ਕਲਪ ਭਰ ਪਾਵੇ ਘੋਰ ॥
ਭੂਤ ਪਰੇਤ ਕਾ ਜਨਮ ਸੁ ਪਾਏ ॥ ਗੁਰ ਤੇ ਬੇਮੁਖ ਜੋ ਹੋਇ ਜਾਇ ॥
ਏਕ ਤ੍ਰਿਯਾ ਕੀ ਸੁਨੋ ਕਹਾਨੀ ॥ ਰਾਜਾ ਜੋਧ ਸਿੰਘ ਕੀ ਰਾਨੀ ॥
ਛਟਮ ਗੁਰੂ ਕੇ ਸਿਖ ਕਹਾਇਓ ॥ ਦੇਹ ਤਿਆਗ ਗੁਰਧਾਮ ਸਿਧਾਇਓ ॥
ਤਾਕੀ ਤ੍ਰਿਆ ਜੁ ਪਾਛੇ ਰਹੀ ॥ ਬੇਮੁਖ ਨਾਰ ਤਾਹੀ ਮਿਲ ਗਈ ॥
ਤਿਸਨੇ ਤਾਕੋ ਕੀਆ ਉਪਦੇਸ਼ ॥ ਕਬਰਾਂ ਪੂਜਨ ਬਹੁਤ ਬਸ਼ੇਸ਼ ॥
ਤੇ ਦਿਨ ਤੇ ਪੂਜਨ ਵਹੁ ਕਰੇ ॥ ਬੇਮੁਖ ਸੰਗਤ ਕਾ ਫਲ ਧਰੇ ॥

ਸਖੀ ਸਰਵਰ ਕੀ ਪੂਜ ਕਰਾਵੈ ॥ ਜੁਮੇ ਰਾਤੀ ਕਉ ਦੀਪ ਜਗਾਵੈ ॥
ਤਾਕੀ ਮਿਰਤ ਆਈ ਨਿਕਟਾਇ ॥ ਲੇਕਰ ਪੀਰ ਪਾਸ ਪਹੁੰਚਾਇ ॥
ਝਾੜੂ ਤਾਂਕੋ ਹਾਥ ਗਹਾਇਆ ॥ ਵਿਸ਼ਟਾ ਟੋਕਰਾ ਸੀਸ ਉਠਾਇਆ ॥
ਇਸੀ ਤਰ੍ਹਾਂ ਬਹਿ ਸਮਾਂ ਬਤਾਇ ॥ ਗੁਰੂ ਬਿਨਾ ਤਹਿ ਕੌਣ ਛੁਡਾਇ ॥
ਭੂਤਨੀ ਹੋਇ ਕਰ ਆਈ ਤਹਾਂ ॥ ਜੋਧ ਸਿੰਘ ਕੇ ਮੰਦਰ ਜਹਾਂ ॥
ਏਕ ਤੀਆ ਕੇ ਲਾਗੀ ਆਇ ॥ ਬੋਲੀ ਮੁਖ ਤੇ ਹਮੇਂ ਛੁਡਾਇ ॥
ਕਬਰ ਪੂਜਾ ਕਾ ਫਲ ਮੈਂ ਪਾਇਆ ॥ ਗੁਰ ਕਾ ਬਚਨ ਮੋਹਿ ਬਿਸਰਾਇਆ ॥
ਸਿਖ ਗੁਰੂ ਕਾ ਊਹਾਂ ਰਹੇ ॥ ਪੂਰਨਮਾਸ਼ੀ ਬਰਤ ਕੋ ਗਹੇ ॥
ਬੋਲ ਤਿਸੀ ਕੋ ਜਬ ਦਿਖਲਾਈ ॥ ਪੜ੍ਹ ਕਰ ਮੰਤਰ ਤਿਸੇ ਬੁਲਾਈ ॥
ਕਉਨ ਅਹੇ ਤੁਮ ਸਾਚ ਉਚਾਰ ॥ ਮੈਂ ਹਾਂ ਜੋਧ ਸਿੰਘ ਕੀ ਨਾਰ ॥
ਸਿਖ ਹੋਇਕੇ ਇਹ ਗਤ ਪਾਈ ॥ ਕਉਨ ਭੂਲ ਹੈ ਤੁਮਰੇ ਮਾਹੀ ॥
ਤਬ ਉਸ ਕੋ ਸਭ ਕਥਾ ਸੁਨਾਈ ॥ ਜਿਸ ਪ੍ਰਕਾਰ ਭੂਤ ਦੇਹੀ ਪਾਈ ॥

ਹਮਰਾ ਅਬ ਤੁਮ ਕਰੋ ਉਧਾਰ ॥ ਭੂਤ ਦੇਹੀ ਤੇ ਹੋ ਛੁਟਕਾਰ ॥
ਦੋਹਰਾ—ਪੂਰਨਮਾਸ਼ੀ ਬਰਤ ਕੋ ਦੀਓ ਸੋ ਫਲ ਤਤਕਾਲ ॥
ਪੜ੍ਹ ਮੰਤਰ ਜਲ ਡਾਰਿਓ ਮੁਕਤ ਕਰੀ ਹਰ ਹਾਲ ॥
ਚੌਪਈ—ਤਬ ਹੀ ਉਸਤਤ ਕਰਨੇ ਲਾਗੀ ॥ ਧੰਨ ਧੰਨ ਤੂੰ ਸਿਖ ਵਡਭਾਗੀ ॥
ਧੰਨ ਸਤਿਗੁਰ ਜੋ ਨਾਨਕ ਨਾਮ ॥ ਚੜ੍ਹੀ ਬਿਬਾਨ ਗਈ ਗੁਰ ਧਾਮ ॥
ਤਬੀ ਮਿਲੀ ਪਤਿ ਸੋ ਵਹੁ ਰਾਨੀ ॥ ਗੁਰ ਕੀ ਮਹਿਮਾਂ ਬਹੁਤ ਬਖਾਨੀ ॥
ਦੋਹਰਾ—ਦਇਆ ਸਿੰਘ ਕਾ ਸਿਖ ਥਾ ਮਨੀ ਸਿੰਘ ਬੁਧਵਾਨ ॥
ਗੁਰੂ ਪੂਰਬ ਕੀ ਕਥਾ ਜੋ ਸੁਨੀ ਚਾਹਿ ਨਿਜ ਕਾਨ ॥
ਚੌਪਈ—ਦਇਆ ਸਿੰਘ ਤਬ ਸਗਲ ਬਖਾਨਾ ਸੋ ਪ੍ਰਸੰਗ ਸੁਣ ਲਾਏ ਧਯਾਨਾ ॥
ਦਸਵੇਂ ਪਾਤਸ਼ਾਹ ਗੁਰ ਪੂਰੇ ॥ ਕੀਓ ਚਰਿਤ ਸੁਨੋ ਤੁਮ ਸੂਰੇ ॥
ਨਦੇੜ ਸ਼ਹਿਰ ਦਖਨ ਮੇਂ ਅਹੈ ॥ ਸਤਿਗੁਰ ਜਾਇ ਊਹਾਂ ਤਬ ਰਹੈ ॥
ਏਕ ਦਿਵਸ ਚਰਿਤ੍ਰ ਗੁਰ ਕੀਨ ॥ ਡੇਰਾ ਕੂਚ ਊਹਾਂ ਕਰ ਲੀਨ ॥

ਗਾੜ੍ਹੇ ਬਨ ਮੇਂ ਉਤਰੇ ਜਾਇ ॥ ਜਲ ਕੀ ਬੂੰਦ ਨਹੀਂ ਜਿਸ ਥਾਇ ॥
ਕੋ ਬਨਮਾਣੂ ਖਬਰ ਜਨਾਈ ॥ ਈਹਾਂ ਸ਼ੇਰ ਪੜਤ ਹੈ ਭਾਈ ॥
ਜਲ ਭੀ ਈਹਾਂ ਨਹੀਂ ਦਰਸਾਵੈ ॥ ਕੈਸੇ ਤੁਮ ਗੁਜਰਾਨ ਕਰਾਵੈ ॥
ਸੁਨ ਕਰ ਸਤਿਗੁਰ ਸਾਚੇ ਕਹਾ ॥ ਗੁਰ ਨਾਨਕ ਜੀ ਕਰੇ ਨਿਰਬਾਹ ॥
ਤਿਸ ਨੇ ਅੰਧਕੂਪ ਦਿਖਲਾਇਆ ॥ ਬਨਮਾਣੂ ਭੀ ਊਹਾ ਰਹਾਇਆ ॥
ਦੇਖਤ ਰਹਿਓ ਤਮਾਸ਼ਾ ਸੋਈ ॥ ਗੁਰ ਪੂਰੇ ਨੇ ਕੀਨੋ ਜੋਈ ॥

ਦੋਹਰਾ—ਪੂਰਨਮਾਸ਼ੀ ਬਰਤ ਕੋ ਮਹਿਮਾ ਗੁਰੂ ਜਨਾਇ ॥
ਗੁਰੂ ਪੁਰਬ ਕੋ ਦਿਵਸ ਆਜ ਕਰੋ ਸਿਖ ਮਨ ਲਾਇ ॥

ਚੌਪਈ—ਸਭ ਸਿਖਨ ਬ੍ਰਤ ਧਾਰਨ ਕੀਨਾ ॥ ਬਿਧਤ ਸਹਿਤ ਸੁਨੋ ਪਰਬੀਨਾ ॥
ਪੈਂਤੀ ਅੱਖਰ ਜਾਪੁ ਸੁ ਕੀਓ ॥ ਮਨ ਬਾਂਛਤ ਫਲ ਗੁਰ ਨੇ ਦੀਓ ॥
ਅੰਧ ਕੂਪ ਤੇ ਜਲ ਸੋ ਭਰਾ ॥ ਨਿਕਲੇ ਪਰੇ ਤ੍ਰਿਸਨਾ ਕੋ ਹਰਾ ॥
ਸ਼ੇਰ ਜੁ ਆਇ ਰੈਨ ਕੇ ਮਾਝ ॥ ਮੁਕਤ ਕਰੇ ਸਤਿਗੁਰ ਮਹਾਰਾਜ ॥

ਦੋਹਰਾ—ਪੂਰਨਮਾਸ਼ੀ ਬਰਤ ਕੋ, ਕੋ ਕਹ ਸਕੇ ਬਖਾਨ ॥
ਗੁਰ ਨਾਨਕ ਕਾ ਜਨਮ ਹੈ ਅਮਰ ਗੁਰੂ ਪ੍ਰਸਥਾਨ ॥

ਚੌਪਈ—ਦਿਬ ਦੇਹ ਉਸ ਸ਼ੇਰ ਨੇ ਪਾਈ ॥ ਗੁਰ ਕੀ ਮਹਿਮਾ ਬਹੁਤ ਸੁਨਾਈ ॥
ਸੁਰਗ ਮਹਿੰ ਜਾ ਵਾਸਾ ਪਾਏ ॥ ਭੋਗ ਭੋਗ ਬੈਕੁੰਠ ਸਿਧਾਏ ॥
ਪੂਰਨਮਾਸ਼ੀ ਜਗ ਗੁਰ ਵੀਨਾ ॥ ਸਿਖ ਸੰਗਤ ਸਭ ਜਸ ਪ੍ਰਬੀਨਾ ॥
ਬਨ ਬਾਸੀ ਸੰਗਤ ਸਭ ਆਏ ॥ ਭੋਜਨ ਪਾਇ ਸਭੀ ਤ੍ਰਿਪਤਾਇ ॥
ਪਿਛਲੇ ਪਹਿਰ ਕਥਾ ਤਬ ਹੋਈ ॥ ਪੂਰਨਮਾਸ਼ੀ ਕੀ ਹੈ ਜੋਈ ॥
ਗੁਰੂ ਕੜਾਹ ਦੀਓ ਕਰਵਾਇ ॥ ਧਿਆਵੈ ਨਾਮ ਗੁਰੂ ਜਸ ਗਾਇ ॥
ਕਰ ਅਰਦਾਸ ਦਯੋ ਵਰਤਾਇ ॥ ਸਿਖ ਸੰਗਤ ਸੋਈ ਮੁਖ ਪਾਇ ॥
ਪਾਵਨ ਨਾਲ ਅਨੰਦ ਸੁ ਭਈ ॥ ਜਨਮ ਮਰਨ ਕੀ ਚਿੰਤਾ ਗਈ ॥
ਜੈ ਜੈ ਕਾਰ ਭਇਓ ਅਤਿ ਭਾਰੀ ॥ ਪੂਰਨਮਾਸ਼ੀ ਜਗ ਬਿਸਥਾਰੀ ॥
ਰੈਨ ਮਾਹਿ ਜਗਰਾਤਾ ਕਰਿਯੋ ॥ ਰਾਗੀ ਰਾਗਨ ਸੁਧ ਉਚਰਯੋ ॥

ਆਸਾਵਾਰ ਭੋਗ ਜਬ ਪਾਇਓ॥ ਆਰਤੀ ਕਰ ਕੜਾਹ ਵਰਤਾਇਓ ॥
ਭੋਜਨ ਕਰ ਵਿਦਿਆ ਸਭ ਭਏ ॥ ਦੂਰ ਦੂਰ ਜੋ ਸੰਗਤ ਅਏ ॥
ਜੰਗਲ ਮੇਂ ਮੰਗਲ ਕਰ ਦਇਆ ॥ ਪੂਰਬ ਗੁਰੂ ਕਾ ਪੂਰਨ ਭਇਆ ॥
ਦੋਹਰਾ—ਪੂਰਨਮਾਸ਼ੀ ਕੀ ਕਥਾ ਪੜ੍ਹੇ ਸੁਨੇ ਨਰ ਨਾਰ ॥
ਮਨ ਬਾਂਛਤ ਫਲ ਪਾਵਈ ਸੁਨੇ ਸਿਖ ਨਿਰਧਾਰ ॥
ਚੌਪਈ—ਪੂਤ੍ਰ ਅਰਥ ਬ੍ਰਤ ਧਾਰੇ ਜੋਈ ॥ ਬਰਸ ਮਾਹਿੰ ਸੁਤ ਪਾਵੇ ਸੋਈ ॥
ਧਨ ਕੀ ਇਛਾ ਜੋ ਨਰ ਧਾਰੇ ॥ ਕਰੇ ਬਰਤ ਸੰਕਟ ਸਭ ਟਾਰੇ ॥
ਰਾਜ ਦੁਆਰੇ ਕਾਜ ਜੁ ਹੋਈ ॥ ਸਤਿਗੁਰ ਕਰੇ ਨ ਸੰਸਾ ਕੋਈ ॥
ਸਹਿਤ ਬਿਧੀ ਕੇ ਜੋ ਨਰ ਕਰੇ ॥ ਸਭੀ ਕਾਜ ਹੈਂ ਤਾਕੇ ਸਰੇ ॥
ਕਿਸੀ ਕੋ ਜੇ ਵਸ ਕੀਨਾ ਚਾਹੇ ॥ ਪੈਂਤੀ ਅੱਖਰ ਜਾਪ ਕਰਾਏ ॥
ਮੁਕਤ ਹੋਣ ਜੋ ਨਰ ਚਾਹੇ ॥ ਸਤਿਗੁਰ ਤਿਸਕੋ ਤਹ ਪਹੁੰਚਾਏ ॥
ਵੈਰੀ ਤਾਂਕੋ ਕੋ ਨਾ ਰਹਾਏ ॥ ਦੂਖ ਦਰਦ ਸਗਲੇ ਉਠ ਜਾਇ ॥

ਦੋਹਰਾ—ਪੂਰਨਮਾਸ਼ੀ ਬਰਤ ਕੀ ਮਹਿਮਾ ਗੁਰੂ ਜਨਾਇ ॥
ਗੁਰੂ ਨਾਨਕ ਥੀਂ ਆਦਿ ਲੈ ਸਤਿਗੁਰ ਹੋਇ ਸਹਾਇ ॥
ਇਤਿ ਸ੍ਰੀ ਪੂਰਨਮਾਸ਼ੀ ਕਥਾ ਸਮਾਪਤੰ ਸ੍ਰੀ ਵਾਹਿਗੁਰੂ ॥

ਧਨਾਸਰੀ ਮਹਲਾ ੧ ॥ ਆਰਤੀ ॥

੧ ਓ ਸਤਿਗੁਰ ਪ੍ਰਸਾਦਿ ॥ ਗਗਨ ਮੈ ਥਾਲ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥ ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥ ੧ ॥ ਕੈਸੀ ਆਰਤੀ ਹੋਇ ॥ ਭਵ ਖੰਡਨਾ ਤੇਰੀ ਆਰਤੀ ॥ ਅਨਹਤਾ ਸਬਦ ਵਾਜੰਤ ਭੇਰੀ ॥ ੧ ॥ ਰਹਾਉ ॥ ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁੋਹੀ ॥ ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥ ੨ ॥ ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ ॥

ਗੁਰ ਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥ ੩ ॥
ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ ॥
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾਤੇ ਤੇਰੇ ਨਾਇ ਵਾਸਾ ॥੪॥੧॥

## ਰਵਿਦਾਸ ਜੀ

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥ ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥ ੧ ॥ ਰਹਾਉ ॥ ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ ਨਾਮੁ ਤੇਰਾ ਕੇਸਰੋ ਲੇ ਛਿਟਕਾਰੇ ॥ ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ ॥ ੧ ॥ ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ ॥ ਨਾਮੁ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ ॥ ੨ ॥ ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ ਭਾਰ ਅਠਾਰਹ ਸਗਲ ਜੂਠਾਰੇ ॥ ਤੇਰੋ ਕੀਆ ਤੁਝਹਿ ਕਿਆ ਅਰਪਉ ਨਾਮੁ ਤੇਰਾ ਤੂਹੀ ਚਵਰ ਢੋਲਾਰੇ ॥ ੩ ॥ ਦਸ ਅਠਾ ਅਠਸਠੇ ਚਾਰੇ ਖਾਣੀ

ਇਹੈ ਵਰਤਣਿ ਹੈ ਸਗਲ ਸੰਸਾਰੈ ॥ ਕਹੈ ਰਵਿਦਾਸੁ ਨਾਮੁ ਤੇਰੋ ਆਰਤੀ ਸਤਿਨਾਮੁ ਹੈ ਹਰਿ ਭੋਗ ਤੁਹਾਰੇ ॥ ੪ ॥ ੩ ॥ ਸ੍ਰੀ ਸੈਣ ਜੀ ॥ ਧੂਪ ਦੀਪ ਘ੍ਰਿਤ ਸਾਜਿ ਆਰਤੀ ॥ ਵਾਰਨੇ ਜਾਉ ਕਮਲਾ ਪਤੀ ॥ ੧ ॥ ਮੰਗਲਾ ਹਰਿ ਮੰਗਲਾ ਨਿਤ ਮੰਗਲੁ ਰਾਜਾ ਰਾਮ ਰਾਇ ਕੋ ॥ ੧ ॥ ਰਹਾਉ ॥ ਊਤਮੁ ਦੀਅਰਾ ਨਿਰਮਲ ਬਾਤੀ ॥ ਤੁਹੀਂ ਨਿਰੰਜਨੁ ਕਮਲਾਪਾਤੀ ॥ ੨ ॥ ਰਾਮਾ ਭਗਤਿ ਰਾਮਾਨੰਦੁ ਜਾਨੈ ॥ ਪੂਰਨ ਪਰਮਾਨੰਦ ਬਖਾਨੈ ॥ ੩ ॥ ਮਦਨ ਮੂਰਤਿ ਭੈ ਤਾਰਿ ਗੋਬਿੰਦੇ ॥ ਸੈਣੁ ਭਣੈ ਭਜੁ ਪਰਮਾਨੰਦੇ ॥੪॥੨॥ ਪ੍ਰਭਾਤੀ ਕਬੀਰ ਜੀ ॥ ਸੁੰਨ ਸੰਧਿਆ ਤੇਰੀ ਦੇਵ ਦੇਵਾ ਕਰ ਅਧਪਤਿ ਆਦਿ ਸਮਾਈ ॥ ਸਿਧ ਸਮਾਧਿ ਅੰਤੁ ਨਹੀ ਪਾਇਆ ਲਾਗਿ ਰਹੇ ਸਰਨਾਈ ॥ ੧ ॥ ਲੇਹੁ ਆਰਤੀ ਹੋ ਪੁਰਖ ਨਿਰੰਜਨ ਸਤਿਗੁਰ ਪੂਜਹੁ ਭਾਈ ॥ ਠਾਢਾ ਬ੍ਰਹਮਾ ਨਿਗਮ ਬੀਚਾਰੈ ਅਲਖੁ ਨਾ ਲਖਿਆ ਜਾਈ ॥ ੧ ॥ ਰਹਾਉ ॥ ਤਤੁ ਤੇਲੁ ਨਾਮੁ ਕੀਆ ਬਾਤੀ ਦੀਪਕੁ ਦੇਹ ਉਜ੍ਯਾਰਾ ॥ ਜੋਤਿ ਲਾਇ ਜਗਦੀਸ ਜਗਾਇਆ ਬੂਝੈ

ਬੂਝਨ ਹਾਰਾ ॥ ੨ ॥ ਪੰਚੇ ਸਬਦ ਅਨਾਹਦ ਬਾਜੇ ਸੰਗੇ ਸਾਰਿੰਗ ਪਾਨੀ ॥
ਕਬੀਰ ਦਾਸ ਤੇਰੀ ਆਰਤੀ ਕੀਨੀ ਨਿਰੰਕਾਰ ਨਿਰਬਾਨੀ ॥ ੩ ॥ ੫ ॥

### ਧਨਾਸਰੀ ਧੰਨਾ ਜੀ

ਗੋਪਾਲ ਤੇਰਾ ਆਰਤਾ ॥ ਜੋ ਜਨੁ ਤੁਮਰੀ ਭਗਤਿ ਕਰੰਤੇ ਤਿਨਕੇ ਕਾਜ ਸਵਾਰਤਾ ॥ ੧ ॥ ਰਹਾਉ ॥ ਦਾਲਿ ਸੀਧਾ ਮਾਗਉ ਘੀਉ ॥ ਹਮਰਾ ਖੁਸੀ ਕਰੈ ਨਿਤ ਜੀਉ ॥ ਪਨ੍ਹੀਆ ਛਾਦਨੁ ਨੀਕਾ ॥ ਅਨਾਜੁ ਮਗਉ ਸਤ ਸੀ ਕਾ ॥ ੧ ॥ ਗਊ ਭੈਸ ਮਗਉ ਲਾਵੇਰੀ ॥ ਇਕ ਤਾਜਨਿ ਤੁਰੀ ਚੰਗੇਰੀ ॥ ਘਰ ਕੀ ਗੀਹਨਿ ਚੰਗੀ ॥ ਜਨੁ ਧੰਨਾ ਲੇਵੈ ਮੰਗੀ ॥ ੨ ॥ ੪ ॥

ਸਵੈਯਾ—ਜਾਤੇ ਪ੍ਰਸੰਨ ਭਏ ਹੈ ਮਹਾਮੁਨ, ਦੇਵਨ ਕੇ ਤਪ ਮੈਂ ਸੁਖ ਪਾਵੈ ॥
ਯਗ ਕਰੈ ਇਕ ਬੇਦ ਰਰੈ, ਭਵ ਤਾਪ ਹਰੈ ਮਿਲਿ ਧਯਾਨਹਿ ਪਾਵੈ ॥
ਝਾਲਰ ਤਾਲ ਮ੍ਰਿਦੰਗ ਉਮੰਗ ਰਬਾਬ ਲੀਏ ਸੁਰ ਸਾਜ ਮਿਲਾਵੈ ॥
ਕਿੰਨਰ ਗੰਧ੍ਰਬ ਗਾਨ ਕਰੈ, ਗਨਿ ਜੱਛ ਅਪੱਛਰ ਨਿਰਤ ਦਿਖਾਵੈ ॥

ਸਵੈਯਾ—ਸੰਤਨ ਕੀ ਧੁਨ ਘੰਟਨ ਕੀ, ਕਰਿ ਫੂਲਨ ਕੀ ਬਰਖਾ ਬਰਖਾਵੈ ॥
ਆਰਤੀ ਕੋਟਿ ਕਰੈ ਸੁਰ ਸੁੰਦਰ, ਪੇਖਿ ਪੁਰੰਦਰ ਕੇ ਬਲ ਜਾਵੈ ॥
ਦਾਨਤਿ ਦੱਛਣ ਦੈ ਕੈ ਪ੍ਰਦਛਨ, ਭਾਲ ਮੈਂ ਕੁੰਕਮ ਅੱਛਤ ਲਾਵੈ ॥
ਹੋਤ ਕਲਾਹਲ ਦੇਵ ਪੁਰੀ ਮਿਲਿ ਦੇਵਨ ਕੇ ਕੁਲ ਮੰਗਲ ਗਾਵੈ ॥
ਮਲ਼ਾਰ ਮਹਲਾ ੫ ॥ ਹੇ ਗੋਬਿੰਦ ਹੇ ਗੁਪਾਲ ਹੇ ਦਇਆਲ ਲਾਲ ॥ ੧ ॥
ਰਹਾਉ ॥ ਪ੍ਰਾਨ ਨਾਥ ਅਨਾਥ ਸਖੇ ਦੀਨ ਦਰਦ ਨਿਵਾਰ ॥ ੧ ॥
ਹੇ ਸਮ੍ਰਥ ਅਗਮ ਪੂਰਨ ਮੋਹਿ ਮਇਆ ਧਾਰਿ ॥ ੨ ॥
ਅੰਧ ਕੂਪ ਮਹਾ ਭਇਆਨ ਨਾਨਕ ਪਾਰਿ ਉਤਾਰ ॥ ੩ ॥
ਦੋਹਰਾ—ਐਸੇ ਚੰਡ ਪ੍ਰਤਾਪ ਤੇ ਦੇਵਨ ਬਢਯੋ ਪ੍ਰਤਾਪ ॥
ਤੀਨ ਲੋਕ ਜੈ ਜੈ ਕਰੈਂ ਰਹੇ ਨਾਮ ਸਤਿ ਜਾਪ ॥
ਦੋਹਰਾ—ਸਗਲ਼ ਦੁਆਰ ਕੋ ਛਾਡਿਕੈ ਗਹਿਓ ਤੁਹਾਰੋ ਦੁਆਰ ॥
ਬਾਹਿ ਗਹੇ ਕੀ ਲਾਜ ਅਸਿ ਗੋਬਿੰਦ ਦਾਸ ਤੁਹਾਰ ॥

## ਆਨੰਦ ਸਾਗਰ ਅਰਥਾਤ ਅਨੰਦ ਸਾਹਿਬ

ਰਾਮਕਲੀ ਸਦ, ਸਹੰਸਰ ਨਾਮਾ, ਅਲਹ ਅਗਮ ਖੁਦਾਈ ਬੰਦੇ ਦਾ ਵਿਸਤਾਰ ਪੂਰਬਕ ਵਿਚਾਰ ਉਥਾਨਕਾ
ਪ੍ਰਮਾਣਾਂ ਸ਼ਾਖੀਆਂ ਸੰਯੁਕਤ ਸੰਪ੍ਰਦਾਈ ਟੀਕਾ — ਭੇਟਾ 8-00

## ਸ੍ਰੀ ਅਮੀਰ ਸਿਧਾਂਤ–ਅਰਥਾਤ–ਸੰਪ੍ਰਦਾਈ ਭਗਤ ਬਾਣੀ ਸਟੀਕ

ਪਹਿਲਾ ਭਾਗ ਸ੍ਰੀ ਰਾਗ ਤੋਂ ਲੈ ਕੇ ਗੌਂਡ ਰਾਗ ਤਕ — ਭੇਟਾ 35-00
ਦੂਜਾ ਭਾਗ ਰਾਮਕਲੀ ਤੋਂ ਲੈ ਕੇ ਚਉਬੋਲੇ ਤਕ — ਭੇਟਾ 30-00
ਤੀਜਾ ਭਾਗ ਸਲੋਕ ਕਬੀਰ ਤੋਂ ਲੈ ਕੇ ਰਾਗ ਮਾਲਾ ਤਕ — ਭੇਟਾ 35-00
ਦਸਗੁਰ ਬੰਸਾਵਲੀ ਤੇ ਲਾਭਦਾਇਕ ਗਿਣਤੀ

ਤਿੰਨ ਭਾਗ ਲੈਣ ਵਾਲੇ ਤੋਂ 70-00 ਹੋਣਗੇ ।

## ਸ੍ਰੀ ਅਮੀਰ ਰਤਨ –ਅਰਥਾਤ- ਸਲੋਕ ਮਹਲਾ ੯, ਮੁੰਦਾਵਣੀ ਰਾਗ ਮਾਲਾ ਸਟੀਕ

ਜਿਸ ਵਿਚ ਦਸਗੁਰ ਬੰਸਾਵਲੀ, ਲਾਭਦਾਇਕ ਗਿਣਤੀ ਤੇ ਹੋਰ ਕਈ ਸਾਖੀਆਂ ਦਰਜ ਹਨ । — ਭੇਟਾ 5-00
ਸੰਪ੍ਰਦਾਈ ਬਾਵਨ ਅਖਰੀ ਸਿਧ ਗੋਸਟ ਸਟੀਕ — ਭੇਟਾ 5-00
ਜੀਵਨ ਸ੍ਰੀ ਗੁਰੂ ਤੇਗ ਬਹਾਦਰ ਬਾਣੀ ਗੁਰੂ ਤੇਗ ਬਹਾਦਰ ਜੀ — ਭੇਟਾ 8-00

## ਮੰਗਵਾਣ ਦਾ ਪਤਾ–ਭਾ: ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ:

ਪੁਸਤਕਾਂ ਵਾਲੇ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

'ਗੁਰਬਾਣੀ ਪ੍ਰੈਸ' ਬਾਗ ਜਲ੍ਹਿਆਂ ਵਾਲਾ ਅੰਮ੍ਰਿਤਸਰ ਵਿਚ ਛਪੀ ।

**ਸ੍ਰੀ ਮਾਨ ੧੦੮ ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ ਤੋਂ ਵਰੋਸਾਏ ਹੋਏ ਮਹੰਤ ਕ੍ਰਿਪਾਲ ਸਿੰਘ ਜੀ ਗਲੀ ਸੱਤੋ ਵਾਲੀ ਵਾਲਿਆਂ ਦਾ ਸੰਪ੍ਰਦਾਈ ਟੀਕਾ**

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਛਪਨਾ ਅਰੰਭ ਹੋ ਗਿਆ ਹੈ ਜੋ ਕਿ ਬਹੁਤ ਜਲਦੀ ਹੀ ਛਪ ਕੇ ਆਪ ਜੀ ਦੇ ਸਾਹਮਣੇ ਆ ਰਿਹਾ ਹੈ।

ਪਹਿਲੀ ਜਿਲਦ ਸ੍ਰੀ ਅਮੀਰ ਭੰਡਾਰ ਜਿਸ ਵਿਚ ਜਪੁਜੀ ਸਾਹਿਬ, ਰਹਿਰਾਸ, ਕੀਰਤਨ ਸੋਹਿਲਾ ਤੇ ਅਨੇਕਾਂ ਸਾਖੀਆਂ ਆਦਿ ਦਰਜ ਹਨ। ਭੇਟਾ 25-00

ਦੂਜੀ ਜਿਲਦ : ਸ੍ਰੀ ਰਾਗ ਤੇ ਮਾਝ ਰਾਗ ਦਾ ਟੀਕਾ ਉਥਾਨਕਾ ਸਹਿਤ ਭੇਟਾ 50-00

ਤੀਜੀ ਜਿਲਦ : ਗਉੜੀ ਰਾਗ ਸੰਪੂਰਨ ਭੇਟਾ 50-00

ਚੌਥੀ ਪੋਥੀ ਆਸਾ ਰਾਗ ਦਾ ਮੁਕੰਮਲ ਟੀਕਾ ਭੇਟਾ 50-00

ਪੰਜਵੀਂ ਪੋਥੀ ਗੂਜਰੀ ਰਾਗ ਤੋਂ ਬੈਰਾੜੀ ਰਾਗ ਤਕ ਭੇਟਾ 50-00

ਛੇਵੀਂ ਪੋਥੀ ਭੇਟਾ 50-00 ਸਤਵੀਂ ਪੋਥੀ ਭੇਟਾ 50-00 ਅਠਵੀਂ ਪੋਥੀ ਭੇਟਾ 50-00

## ਸ੍ਰੀ ਆਸਾ ਜੀ ਦੀ ਵਾਰ

ਦਾ ਛਕੇ ਛੰਤ ਨੌਧੁਨਾਂ, ਸੱਤੇ ਬਲਵੰਡ ਦੀ ਵਾਰ ਅਰਥਾਤ ਟੀਕੇ ਦੀ ਵਾਰ ਉਥਾਨਕਾਂ ਪ੍ਰਮਾਣਾਂ ਤੇ ਸਾਖੀਆਂ ਸਹਿਤ ਸੰਪ੍ਰਦਾਈ ਟੀਕਾ 12-00

**ਮੰਗਵਾਣ ਦਾ ਪਤਾ—ਭਾ: ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ:**

ਪੁਸਤਕਾਂ ਵਾਲੇ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਜੀ ਦੇ

## ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ

ਚਦ ਦੀ ਰਾਨਣੀ ਵਿਖੇ ਪਾਠ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਾਲਵੇਲ ਬਹੁਤਮੋਟੇਅੱਖਰ ੨੫੦)
ਸੁਨੈਹਰੀ ਜਿਲਦ... ... ... ... ...... ਹਰੀ ਗਰਾਊਂਡ ਵੱਡਾ ਸਾਈਜ਼ ੧੮੫)
ਦੋਰੰਗੀ ਵਲ ਵਧੀਆ ਕਾਗਜ਼ ੧੭੫)

**ਪਦਛੇਦ ਅੱਖਰ ਵੱਖੋ ਵੱਖ**

ਦੋਰਗੀ ਵੇਲ ਆਮ ੧੬੫)
ਲਾਲਨਾਲੀ ਲਲ ਸਪੈਸ਼ਲ। ੧੬੦)

ਇਸ ਬੀੜ ਦਾ ਸਾਈਜ ਦਰਮਿਆਨਾ ਹੋਣ ਕਰਕੇ ਮਾਈਆਂ, ਬੀਬੀਆਂ ਬੱਚੇ ਅਤੇ ਬੁਢ ਆਸਨਾ ਨਾਲ ਪ੍ਰਕਾਸ਼ ਕਰਕੇ ਪੜ ਸਕਦ ਹਨ ਬੀੜ ਦੇ ਅਖਰ ਵਖ ਵਖ ਹੋਣ ਕਰਕੇ ਥੋੜਾ ਗੁਰਮੁਖੀ ਪੜਿਆ ਹੋਇਆ ਵੀ ਸਾਫ ਤ ਸ਼ੁਧ ਪਾਠ ਕਰ ਸਕਦਾ ਹੈ ਘਰ ਵਿਚ ਪ੍ਰਕਾਸ਼ ਕਰਨ ਲਈ ਬਹੁਤ ਸੁੰਦਰ ਸਾਇਜ ਹੈ ਸ੍ਰਿ ਗੁਰੂ ਗ੍ਰੰਥ ਸਾਹਿਬ ਜੀ ਆਰਟ ਪੇਪਰ ਵਧੀਆ ਹਰੀ ਗ੍ਰਾਊਂਡ ੧੨੫) ਦੋਰੰਗੀ ਵੇਲ ੧੨੦
ਲਾਲ ਵੇਲ ਆਰਟ ਪੇਪਰ ੧੧੦) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਾਲ ਵੇਲ ੧੦੧)
ਸੈਂਚੀਆਂ (ਦੋ ਜਿਲਦਾਂ ਵਿਚ) ਹਰੀ ਗ੍ਰਾਊਂਡ ਮੋਮੀ ਕਾਗਜ ਜਿਲਦ ਆਇਲ ਕਲਾਥ ੫੫)
ਸਾਲਮ ਬੀੜ (ਇਕ ਜਿਲਦ ਵਿਚ) ੫੦) ਲਾਲ ਵੇਲ ਆਰਟ ਪੇਪਰ ੫੦) ਦੋ ਰੰਗੀ ਵੇਲ ੫੫)
ਸੈਂਚੀਆਂ (ਦੋ ਜਿਲਦਾਂ ਵਿਚ) ਡੁਮਈ ਕਾਗਜ ੫੦) ਸ਼ਾਲਮ ਬੀੜ ਸ਼ਾਹਿਬ ੫੦)
ਨੋਟ ਬਾਹਰੋਂ ਮੰਗਾਊਣ ਵਾਲੇ ਸੱਜਣ ੨੦) ਪੇਸ਼ਗੀ ਭੇਜੋ ਤੇ ਆਪਣ ਸਟੇਸ਼ਨ ਦਾ ਨਾਮ ਜ਼ਰੂਰ ਲਿਖਣ

**ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ:, ਪੁਸਤਕਾਂ ਵਾਲੇ, ਅੰਮ੍ਰਿਤਸਰ**